**ਪੰਜਾਬ ਵਿਧਾਨ ਸਭਾ**

**ਬੁਲੇਟਿਨ ਨੰ: 1**

**ਸੋਧਿਆ ਹੋਇਆ**

**ਮੰਗਲਵਾਰ, 20 ਮਾਰਚ, 2018**

**(2.00 ਵਜੇ ਬਾਅਦ ਦੁਪਹਿਰ ਤੋਂ 02.17 ਵਜੇ ਬਾਅਦ ਦੁਪਹਿਰ ਤੱਕ)**

1. **ਅਕਾਲ ਚਲਾਣਿਆਂ ਦਾ ਵਰਣਨ:**

ਮਾਨਯੋਗ ਸਪੀਕਰ ਨੇ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ :-

1. ਸਰਦਾਰ ਅਜੀਤ ਸਿੰਘ ਕੋਹਾੜ, ਐਮ.ਐਲ.ਏ ਅਤੇ ਸਾਬਕਾ ਮੰਤਰੀ;
2. ਸਰਦਾਰ ਸਰਦੂਲ ਸਿੰਘ ਬੰਡਾਲਾ, ਸਾਬਕਾ ਮੰਤਰੀ;
3. ਸਰਦਾਰ ਮਨਜੀਤ ਸਿੰਘ ਕਲਕੱਤਾ, ਸਾਬਕਾ ਮੰਤਰੀ ਅਤੇ ਸਾਬਕਾ-ਐਮ.ਐਲ.ਏ;
4. ਸ਼੍ਰੀ ਸਤਨਾਮ ਸਿੰਘ ਕੈਂਥ, ਸਾਬਕਾ-ਐਮ.ਪੀ ਅਤੇ ਸਾਬਕਾ-ਐਮ.ਐਲ.ਏ ;
5. ਸਰਦਾਰ ਬਹਾਦਰ ਸਿੰਘ, ਸਾਬਕਾ-ਐਮ.ਪੀ, ਲੋਕ ਸਭਾ;
6. ਸ਼੍ਰੀ ਜੰਗੀਰ ਸਿੰਘ, ਸੁਤੰਤਰਤਾ ਸੰਗਰਾਮੀ;
7. ਸ਼੍ਰੀ ਸਰੂਪ ਸਿੰਘ, ਸੁਤੰਤਰਤਾ ਸੰਗਰਾਮੀ;
8. ਸ਼੍ਰੀ ਹਰਦਿਆਲ ਸਿੰਘ, ਸੁਤੰਤਰਤਾ ਸੰਗਰਾਮੀ;
9. ਸ਼੍ਰੀ ਕਰਮ ਸਿੰਘ, ਸੁਤੰਤਰਤਾ ਸੰਗਰਾਮੀ;
10. ਸ਼੍ਰੀ ਸ਼ਾਮ ਲਾਲ, ਸੁਤੰਤਰਤਾ ਸੰਗਰਾਮੀ;
11. ਸ਼੍ਰੀ ਕਰਤਾਰ ਸਿੰਘ, ਸੁਤੰਤਰਤਾ ਸੰਗਰਾਮੀ;
12. ਸ਼੍ਰੀ ਦਲੀਪ ਸਿੰਘ, ਸੁਤੰਤਰਤਾ ਸੰਗਰਾਮੀ;
13. ਸ਼ਹੀਦ ਨਾਇਕ ਅਮਰਸੀਰ ਸਿੰਘ;
14. ਸ਼੍ਰੀ ਸ਼ਸ਼ੀ ਕਪੂਰ, ਅਭਿਨੇਤਾ;
15. ਸ਼੍ਰੀ ਪਿਆਰੇ ਲਾਲ ਵਡਾਲੀ, ਮਸ਼ਹੂਰ ਸੂਫੀ ਗਾਇਕ;
16. ਸਰਦਾਰ ਸੁੱਖਚੈਨ ਸਿੰਘ ਚੀਮਾ, ਦਰੋਣਾਚਾਰੀਆ ਅਵਾਰਡੀ;
17. ਸ਼੍ਰੀ ਸਾਬਰ ਕੋਟੀ, ਗਾਇਕ; ਅਤੇ
18. ਪ੍ਰੋ. ਰਾਜਪਾਲ ਸਿੰਘ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਅਤੇ ਇਨ੍ਹਾਂ ਸ਼ਖਸੀਅਤਾਂ ਤੋਂ ਇਲਾਵਾ ਮਾਨਯੋਗ ਮੁੱਖ ਮੰਤਰੀ ਜੀ ਵਲੋਂ ਇਰਾਕ ਦੇ ਮਸੂਲ ਸ਼ਹਿਰ ਵਿੱਚ ਆਈ.ਐਸ.ਆਈ.ਐਸ. ਦੁਆਰਾ ਮਾਰੇ ਗਏ 39 ਭਾਰਤੀ ਮੂਲ ਦੇ ਨਾਗਰਿਕਾਂ ਜਿੰਨ੍ਹਾਂ ਵਿਚੋਂ ਜ਼ਿਆਦਾ ਪੰਜਾਬੀ ਸਨ; ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ ਵਲੋਂ ਸ਼੍ਰੀ ਵੀ.ਪੀ ਸਿੰਘ ਬਦਨੋਰ, ਮਾਨਯੋਗ ਰਾਜਪਾਲ, ਪੰਜਾਬ ਜੀ ਦੇ ਭਰਾ ਸ਼੍ਰੀ ਰਘੂਰਾਜ ਸਿੰਘ; ਸਰਦਾਰ ਸੁਖਪਾਲ ਸਿੰਘ ਖਹਿਰਾ, ਵਿਰੋਧੀ ਧਿਰ ਦੇ ਨੇਤਾ ਦੇ ਮਾਤਾ ਜੀ ਅਤੇ ਸਰਦਾਰ ਸਖਜਿੰਦਰ ਸਿੰਘ, ਸਾਬਕਾ ਮੰਤਰੀ ਦੇ ਧਰਮਪਤਨੀ ਸ਼੍ਰੀਮਤੀ ਮਹਿੰਦਰ ਕੌਰ; ਸ਼੍ਰੀ ਰਜਿੰਦਰ ਸਿੰਘ, ਐਮ.ਐਲ.ਏ ਦੇ ਮਾਤਾ ਜੀ ਅਤੇ ਸ਼੍ਰੀ ਲਾਲ ਸਿੰਘ, ਸਾਬਕਾ ਮੰਤਰੀ ਦੀ ਧਰਮਪਤਨੀ ਸ਼੍ਰੀਮਤੀ ਸੁਰਜੀਤ ਕੌਰ ਅਤੇ ਸ਼੍ਰੀ ਮੁਨੀਸ਼ ਤਿਵਾੜੀ, ਸਾਬਕਾ ਕੇਂਦਰੀ ਰਾਜ ਮੰਤਰੀ ਦੇ ਮਾਤਾ ਜੀ ਸ਼੍ਰੀਮਤੀ ਅੰਮ੍ਰਿਤ ਤਿਵਾੜੀ; ਸ਼੍ਰੀ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ ਵਲੋਂ ਪੰਜਾਬ ਦੇ 89 ਕਿਸਾਨਾਂ ਵਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ; ਸ਼੍ਰੀ ਦਲਵੀਰ ਸਿੰਘ ਗੋਲਡੀ, ਐਮ.ਐਲ.ਏ ਵਲੋਂ ਸ਼੍ਰੀ ਕਰਮਜੀਤ ਸਿੰਘ ਧੂਰੀ, ਲੋਕ ਗਾਇਕ ਅਤੇ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਐਮ.ਐਲ.ਏ ਵਲੋਂ ਕੁਲਦੀਪ ਕੌਰ, ਬਟਾਲਾ ਦੀ ਅੰਤਰਰਾਸ਼ਟਰੀ ਪੱਧਰ ਦੀ ਨੌਜਵਾਨ ਖਿਡਾਰਨ ਵਲੋਂ ਖੁਦਕੁਸ਼ੀ ਕੀਤੇ ਜਾਣ ਤੇ, ਉਨ੍ਹਾਂ ਦੇ ਨਾਂ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਸਵਰਗਵਾਸੀਆਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਮੋਨ ਧਾਰਨ ਕੀਤਾ।

ਇਸ ਉਪਰੰਤ ਸਦਨ ਬਿਨਾਂ ਕੋਈ ਹੋਰ ਕੰਮ-ਕਾਰ ਕੀਤਿਆਂ ਬੁੱਧਵਾਰ ਮਿਤੀ 21 ਮਾਰਚ, 2018 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ:**
**20 ਮਾਰਚ, 2018**

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ ।**